**ਪ੍ਰੈਸ ਨੋਟ**

(ਫਿਰੋਜ਼ਪੁਰ ਪੁਲਿਸ)

**ਜਿਲ੍ਹਾ ਫਿਰੋਜ਼ਪੁਰ ਪੁਲਿਸ ਵੱਲੋ ਮਾੜੇ ਅਨਸਰਾਂ ਵਿਰੁੱਧ ਜਾਰੀ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਿਲ ਕਰਦਿਆਂ 01 ਦੋਸ਼ੀ ਨੂੰ ਕਾਬੂ ਕਰਕੇ ਉਸ ਪਾਸੋ 700 ਗ੍ਰਾਮ ਹੈਰੋਇਨ, 01 ਪਿਸਟਲ 32 ਬੋਰ ਸਮੇਤ ਮੈਗਜੀਨ, 05 ਜਿੰਦਾ ਰੌਂਦ, 01 ਐਕਟਿਵਾ ਅਤੇ 01 ਮੋਬਾਇਲ ਫੋਨ ਬਰਾਮਦ ਕੀਤਾ।**

**ਫਿਰੋਜ਼ਪੁਰ: 01 ਮਾਰਚ 2024**

**ਸ਼੍ਰੀ ਸੋਮਿਆ ਮਿਸ਼ਰਾ, ਐੱਸ.ਐੱਸ.ਪੀ. ਫਿਰੋਜ਼ਪੁਰ ਜੀ ਵੱਲੋਂ** ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸੰਬਧੀ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨ:) ਫਿਰੋਜਪੁਰ, ਸ਼੍ਰੀ ਬਲਕਾਰ ਸਿੰਘ ਪੀ.ਪੀ.ਐਸ., ਡੀ.ਐਸ.ਪੀ.(ਡੀ) ਫਿਰੋਜ਼ਪੁਰ ਦੀ ਨਿਗਰਾਨੀ ਅਤੇ ਇੰਸਪੈਕਟਰ ਪ੍ਰਭਜੀਤ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਫਿਰੋਜ਼ਪੁਰ ਦੀ ਅਗਵਾਈ ਵਿੱਚ ਐਸ.ਆਈ ਤਰਸੇਮ ਸਿੰਘ ਸੀ.ਆਈ.ਏ. ਸਟਾਫ ਫਿਰੋਜ਼ਪੁਰ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਅਤੇ ਸ਼ੱਕੀ ਵਹੀਕਲਾਂ ਦੇ ਸਬੰਧ ਵਿੱਚ ਮੱਲਵਾਲ ਰੋਡ ਪਰ ਦਫਤਰ ਮਾਰਕਫੈੱਡ ਫਿਰੋਜ਼ਪੁਰ ਦੀ ਦੀਵਾਰ ਪਾਸ ਪੁੱਜੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਹਰੀਸ਼ ਪੁੱਤਰ ਪਰਮਜੀਤ ਸਿੰਘ ਪੁੱਤਰ ਸਾਦਿਕ ਵਾਸੀ ਪਿੰਡ ਬਾਜੀਦਪੁਰ ਥਾਣਾ ਕੁੱਲਗੜੀ, ਰਾਹੁਲ ਪੁੱਤਰ ਮਹਿੰਦਰ ਵਾਸੀ ਭੱਟੀਆ ਵਾਲੀ ਬਸਤੀ ਬਾਨੋ ਵਾਲਾ ਵੇਹੜਾ ਫਿਰੋਜਪੁਰ ਸ਼ਹਿਰ ਅਤੇ ਬੌਬੀ ਉਰਫ ਗੁੱਲੀ ਪੁੱਤਰ ਮੰਗਤ ਰਾਨ ਵਾਸੀ ਬਸਤੀ ਭੱਟੀਆ ਵਾਲੀ ਫਿਰੋਜ਼ਪੁਰ ਸ਼ਹਿਰ ਆਪਸ ਵਿੱਚ ਮਿਲ ਕੇ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ। ਅੱਜ ਵੀ ਇਹ ਤਿੰਨੇ ਜਣੇ ਸਕੂਟਰੀ ਹਾਂਡਾ ਐਕਟਿਵਾ ਰੰਗ ਸੁਰਮੇ ਰੰਗਾ ਨੰਬਰੀ PB-05AL-2580 ਪਰ ਸਵਾਰ ਹੋ ਕੇ ਭਾਰੀ ਮਾਤਰਾ ਵਿੱਚ ਹੈਰੋਇਨ ਲੈ ਕੇ ਪਿੰਡ ਸਤੀਏਵਾਲਾ ਤੋਂ ਬਸਤੀ ਨਿਜਾਮਦੀਨ ਵਾਲੇ ਰੋਡ ਪਰ ਆ ਰਹੇ ਹਨ, ਜੋ ਨਾਕਾਬੰਦੀ ਦੌਰਾਨ ਕਾਬੂ ਆ ਸਕਦੇ ਹਨ। ਜਿਸ ਤੇ ਮੁਸਮੀ ਹਰੀਸ਼ ਪੁੱਤਰ ਪਰਮਜੀਤ ਸਿੰਘ, ਰਾਹੁਲ ਪੁੱਤਰ ਮਹਿੰਦਰ ਅਤੇ ਬੌਬੀ ਉਰਫ ਗੁੱਲੀ ਪੁੱਤਰ ਮੰਗਤ ਦੇ ਖਿਲਾਫ ਮੁਕੱਦਮਾ ਨੰ: 34 ਮਿਤੀ 28-02-2024 ਅ/ਧ 21/61/85 ਐਨ.ਡੀ.ਪੀ.ਐਸ. ਐਕਟ 25(6)(7),54/59 ਅਸਲਾ ਐਕਟ ਤਹਿਤ ਥਾਣਾ ਸਦਰ ਫਿਰੋਜ਼ਪੁਰ ਵਿੱਚ ਦਰਜ ਰਜਿਸਟਰ ਕੀਤਾ ਗਿਆ। ਐਸ.ਆਈ ਤਰਸੇਮ ਸਿੰਘ ਸੀ.ਆਈ.ਏ ਸਟਾਫ ਵੱਲੋ ਸਮੇਤ ਪੁਲਿਸ ਪਾਰਟੀ **ਬਾ-ਹੱਦ ਰਕਬਾ ਮੱਲਵਾਲ ਰੋਡ ਨਿਜਾਮਦੀਨ ਬਸਤੀ ਨੇੜੇ ਰੋਇਲ ਪੈਲਸ ਤੋਂ** ਮੁਸਮੀ ਹਰੀਸ਼ ਨੂੰ 700 ਗ੍ਰਾਮ ਹੈਰੋਇਨ, 01 ਐਕਟਿਵਾ ਅਤੇ 01 ਮੋਬਾਇਲ ਫੋਨ ਸਮੇਤ ਕਾਬੂ ਕੀਤਾ ਗਿਆ। ਦੋਸ਼ੀ ਨੂੰ ਜਾਬਤਾ ਅਨੁਸਾਰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਅਤੇ ਪੁਲਿਸ ਰਿਮਾਂਡ ਦੌਰਾਨ ਦੋਸ਼ੀ ਹਰੀਸ਼ ਵੱਲੋਂ ਕੀਤੇ ਗਏ ਇੰਕਸ਼ਾਫ ਦੇ ਆਧਾਰ ਤੇ ਉਸ ਦੇ ਘਰ ਵਿੱਚੋ 01 ਪਿਸਟਲ 32 ਬੋਰ ਸਮੇਤ ਮੈਗਜੀਨ, 05 ਜਿੰਦਾ ਰੌਂਦ, ਬਰਾਮਦ ਕੀਤਾ ਗਿਆ। ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਅੱਗੇ ਹੋਰ ਪੁਲਿਸ ਰਿਮਾਂਡ ਹਾਸਿਲ ਕੀਤਾ ਜਾਵੇਗਾ। ਪੁੱਛਗਿੱਛ ਦੌਰਾਨ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ ਅਤੇ ਰਹਿੰਦੇ ਦੋਸ਼ੀ ਰਾਹੁਲ ਅਤੇ ਬੌਬੀ ਉਰਫ ਗੁੱਲੀ ਨੂੰ ਵੀ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇਗਾ।

**ਮੁਕੱਦਮਾ ਨੰ: 32 ਮਿਤੀ 28-02-2024 ਅ/ਧ 21/61/85 ਐਨ.ਡੀ.ਪੀ.ਐਸ, 25(6)(7),54/59 ਅਸਲਾ ਐਕਟ ਤਹਿਤ ਥਾਣਾ ਸਦਰ ਫਿਰੋਜ਼ਪੁਰ**

**ਬਨਾਮ:-**
1. ਹਰੀਸ਼ ਪੁੱਤਰ ਪਰਮਜੀਤ ਸਿੰਘ ਪੁੱਤਰ ਸਾਦਿਕ ਵਾਸੀ ਪਿੰਡ ਬਾਜੀਦਪੁਰ ਥਾਣਾ ਕੁੱਲਗੜੀ, **(ਗ੍ਰਿਫਤਾਰ)**
2. ਰਾਹੁਲ ਪੁੱਤਰ ਮਹਿੰਦਰ ਵਾਸੀ ਭੱਟੀਆ ਵਾਲੀ ਬਸਤੀ ਬਾਨੋਂ ਵਾਲਾ ਵੇਹੜਾ ਫਿਰੋਜਪੁਰ ਸ਼ਹਿਰ।(**ਗ੍ਰਿਫ: ਬਾਕੀ)**
3. ਬੌਬੀ ਉਰਫ ਗੁੱਲੀ ਪੁੱਤਰ ਮੰਗਤ ਰਾਨ ਵਾਸੀ ਬਸਤੀ ਭੱਟੀਆ ਵਾਲੀ ਫਿਰੋਜ਼ਪੁਰ ਸ਼ਹਿਰ।(**ਗ੍ਰਿਫਤਾਰੀ ਬਾਕੀ)**

**ਬ੍ਰਾਮਦਗੀ : 700 ਗ੍ਰਾਮ ਹੈਰੋਇਨ, 01 ਪਿਸਟਲ 32 ਬੋਰ ਸਮੇਤ ਮੈਗਜੀਨ, 05 ਜਿੰਦਾ ਰੌਂਦ, 01 ਐਕਟਿਵਾ ਅਤੇ 01 ਮੋਬਾਇਲ ਫੋਨ**

**ਵਕੂਆ ਦੀ ਮਿਤੀ ਅਤੇ ਸਥਾਨ**- ਮਿਤੀ 28-02-2024, **ਮੱਲਵਾਲ ਰੋਡ ਨਿਜਾਮਦੀਨ ਬਸਤੀ ਨੇੜੇ ਰੋਇਲ ਪੈਲਸ**

**ਪੜਤਾਲ ਰਿਕਾਰਡ ਹਰੀਸ਼ ਉਕਤ ਦੇ ਖਿਲਾਫ ਪੜਤਾਲ ਰਿਕਾਰਡ ਕਰਨ ਤੇ ਹੇਠ ਲਿਖੇ ਮੁਕੱਦਮੇ ਦਰਜ ਹੋਣੇ ਤਸਦੀਕ ਹੋਏ ਹਨ:-**

**ਹਰੀਸ਼ :**

1) ਮੁਕੱਦਮਾ ਨੰ. 68 ਮਿਤੀ 26-06-2021 ਅ/ਧ 307/323/506/148/149/ ਆਈ.ਪੀ.ਸੀ 25/27 ਆਰਮਸ ਅਸਲਾ ਐਕਟ ਥਾਣਾ ਕੁੱਲਗੜੀ।

2) ਮੁਕੱਦਮਾ ਨੰ. 152 ਮਿਤੀ 09-11-2021 ਅ/ਧ 307/506/341/149/120ਬੀ ਆਈ.ਪੀ.ਸੀ ਥਾਣਾ ਕੁੱਲਗੜੀ